ਗੁਰੂ ਨਾਨਕ - ਸਬਦ ੧੭

ਮੰਨੈ ਪਾਵਹਿ ਮੋਖੁ ਦੁਆਰੁ ॥

ਜਪੁ, ਗੁਰੂ ਨਾਨਕ, ਗੁਰੂ ਗ੍ਰੰਥ ਸਾਹਿਬ, ੩

ਮੰਨੈ ਪਾਵਹਿ ਮੋਖੁ ਦੁਆਰੁ ॥
ਮੰਨੈ ਪਰਵਾਰੈ ਸਾਧਾਰੁ ॥
ਮੰਨੈ ਤਰੈ ਤਾਰੇ ਗੁਰੁ ਸਿਖ ॥
ਮੰਨੈ ਨਾਨਕ ਭਵਹਿ ਨ ਭਿਖ ॥
ਐਸਾ ਨਾਮੁ ਨਿਰੰਜਨੁ ਹੋਇ ॥
ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥

ਸਾਰ: ਪੂਰਨ ਸਵੀਕ੍ਰਿਤੀ ਬਿਨਾਂ ਕਿਸੇ ਸ਼ਰਤਾਂ ਦੇ ਇਸ ਨੂੰ ਮੂਰਤੀਮਾਨ ਕਰਨਾ ਹੈ; ਇਸ ਰਾਹੀਂ ਵਿਸ਼ਵ-ਵਿਆਪੀ ਜਾਗਰੂਕਤਾ ਲਈ ਸਿੱਖਿਆ ਨੂੰ ਗ੍ਰਹਿਣ ਕਰਣ ਅਤੇ ਵੰਡਣ ਲਈ ਬਹੁਤ ਸਾਰੇ ਦਰਵਾਜ਼ੇ ਖੁੱਲ੍ਹਦੇ ਹਨ।

ਮੰਨੈ ਪਾਵਹਿ ਮੋਖੁ ਦੁਆਰੁ ॥

ਜੋ ਸਵੀਕ੍ਰਿਤੀ ਦਾ ਰੂਪ ਧਾਰਨ ਕਰਦੇ ਹਨ, ਉਹ ਆਪਣੇ ਆਪ ਨੂੰ ਮੁਕਤ ਕਰਨ ਲਈ ਬਿਬੇਕ ਦਾ ਦਰਵਾਜ਼ਾ ਲੱਭ ਲੈਂਦੇ ਹਨ।

ਮੰਨੈ ਪਰਵਾਰੈ ਸਾਧਾਰੁ ॥

ਜੋ ਸਵੀਕ੍ਰਿਤੀ ਨੂੰ ਮੂਰਤੀਮਾਨ ਕਰਦੇ ਹਨ, ਉਹ ਆਪਣਾ ਅਨੁਭਵੀ ਗਿਆਨ ਆਪਣੇ ਸੰਗੀ ਸਾਥੀਆਂ ਨਾਲ ਵੰਡਦੇ ਹਨ।

ਮੰਨੈ ਤਰੈ ਤਾਰੇ ਗੁਰੁ ਸਿਖ ॥

ਜੋ ਸਵੀਕ੍ਰਿਤੀ ਦਾ ਰੂਪ ਧਾਰਨ ਕਰਦੇ ਹਨ, ਉਹ ਖੁਦ, ਸਾਧਕ ਅਤੇ ਜਗਿਆਸੂ ਨੂੰ ਮੁਕਤ ਕਰਦੇ ਹਨ।

ਮੰਨੈ ਨਾਨਕ ਭਵਹਿ ਨ ਭਿਖ ॥

ਨਾਨਕ ਆਖਦੇ ਹਨ, ਜੋ ਸਵੀਕ੍ਰਿਤੀ ਦਾ ਰੂਪ ਧਾਰਨ ਕਰਦੇ ਹਨ, ਉਹ ਗਿਆਨ ਦੀ ਦਾਤ ਲਈ ਅਗਿਆਨਤਾ ਵਿੱਚ ਨਹੀਂ ਭਟਕਦੇ।

ਐਸਾ ਨਾਮੁ ਨਿਰੰਜਨੁ ਹੋਇ ॥
ਅਜਿਹੇ ਜੀਵਾਂ ਦੀ ਹੋਂਦ ਪਵਿੱਤ੍ਰ ਹੈ।

ਜੇ ਕੋ ਮੰਨਿ ਜਾਣੈ ਮਨਿ ਕੋਇ ॥੧੫॥
ਜੋ ਸਵੀਕ੍ਰਿਤੀ ਦਾ ਅਭਿਆਸ ਕਰਦੇ ਹਨ, ਸਿਰਫ਼ ਉਹੀ ਆਪਣੀ ਹਸਤੀ ਦੀ ਅਵਸਥਾ ਬਾਰੇ ਜਾਗਰੂਕ ਹਨ। (੧੫)

ਤੱਤ: ਜਿਹੜੇ ਸਵੀਕ੍ਰਿਤੀ ਦਾ ਅਭਿਆਸ ਕਰਦੇ ਹਨ ਉਹ ਮੂਲ ਹੋਂਦ ਦੇ ਇੱਕ ਖੰਡ ਤੱਕ ਪਹੁੰਚਣ ਲਈ ਆਪਣੀਆਂ ਧਾਰਨਾਵਾਂ ਨੂੰ ਬਦਲਣ ਦੀ ਯੋਗਤਾ ਹਾਸਲ ਕਰਦੇ ਹਨ ਜਿੱਥੇ ਉਹ ਖੁਦ ਅਤੇ ਦੂਜਿਆਂ ਨੂੰ ਦਵੈਤ ਮੁਕਤ ਹੋਣ ਲਈ ਪ੍ਰੇਰਿਤ ਕਰਦੇ ਹਨ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**